ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ 423 ਮਿਤੀ 19/7/19

ਇੰਜੀ: **ਪ੍ਰਵੀਨ ਬਿਰਦੀ, ਪਹਿਲੀ ਐਪੀਲੈਂਟ ਅਥਾਰਟੀ-ਕਮ-ਡਾਇਰੈਕਟਰ/ਵਾਟਰ ਸੈਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿੱਚ।**

ਵਿਸ਼ਾ:- ਆਰ.ਟੀ.ਆਈ ਐਕਟ-2005 ਦੇ ਸੈਕਸ਼ਨ 19(1) ਅਧੀਨ ਪਹਿਲੀ ਅਪੀਲ – ਸ੍ਰੀ ਇਕਬਾਲ ਸਿੰਘ (ਜੁਆਇੰਟ ਡਾਇਰੈਕਟਰ)।

1) ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ-ਕਮ-ਸੁਪਰਡੰਟ/ਈਈ-1, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ। 18/7/19
2) ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ-ਕਮ-ਸੁਪਰਡੰਟ/ਈਈ-2, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ। 18/7
3) ਸੁਪਰਡੰਟ/ਗਜਟਿਡ ਸੈਲਰੀ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ। ਜਗਮੀਤ ਕੌਰ ਸੀਨੀ: ਸਹਾ: 18/7/19
4) ਅਪੀਲ ਕਰਤਾ:- 18/7/19

**ਮਿਤੀ 18.07.2019 ਦੀ ਕਾਰਵਾਈ ਰਿਪੋਰਟ**

ਅੱਜ ਮਿਤੀ 18.07.2019 ਨੂੰ ਏ.ਪੀ.ਆਈ.ਓ-ਕਮ-ਸੁਪਰਡੰਟ/ਗਜਟਿਡ ਸੈਲਰੀ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਵੱਲੋਂ ਸ੍ਰੀਮਤੀ ਜਗਮੀਤ ਕੌਰ ਅਤੇ ਰਣਜੀਤ ਕੌਰ, ਸੀਨੀਅਰ ਸਹਾਇਕ ਪੇਸ਼ ਹੋਏ। ਅਪੀਲ ਕਰਤਾ ਖੁਦ ਹਾਜਰ ਨਹੀਂ ਹੋਏ।

ਸ੍ਰੀਮਤੀ ਜਗਮੀਤ ਕੌਰ, ਸੀਨੀਅਰ ਸਹਾਇਕ ਵੱਲੋਂ ਬਿਆਨ ਕੀਤਾ ਗਿਆ ਕਿ ਸ੍ਰੀ ਗੁਰਦਿਆਲ ਸਿੰਘ, (Temporary Engineer workding as Superinteding Engineer) ਬਾਰੇ ਜੋ ਸੂਚਨਾ ਮੰਗੀ ਗਈ ਹੈ, ਉਸ ਦਾ ਸਬੰਧ ਨਿਗਰਾਨ ਇੰਜੀਨੀਅਰ/ਭਾਖੜਾ ਮੇਨ ਲਾਈਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ ਨਾਲ ਹੈ। ਇਸ ਬਾਰੇ ਉਨ੍ਹਾਂ ਨੇ ਅਰਜੀ ਕਰਤਾ ਦੀ ਅਰਜੀ ਆਰ.ਟੀ.ਆਈ ਐਕਟ-2005 ਦੀ ਧਾਰਾ 6(3) ਅਧੀਨ ਉਪਰੋਕਤ ਦਫਤਰ ਨੂੰ ਸੂਚਨਾ ਦੇਣ ਲਈ ਤਬਦੀਲ ਕਰ ਦਿੱਤੀ ਸੀ।

ਇਸ ਦੇ ਸਬੰਧ ਵਿੱਚ ਅਪੀਲ ਕਰਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦਫਤਰ ਦੇ ਐਪੀਲੈਂਟ ਅਥਾਰਟੀ, ਨਿਗਰਾਨ ਇੰਜੀਨੀਅਰ/ਭਾਖੜਾ ਮੇਨ ਲਾਈਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ ਹਨ। ਇਸ ਕਰਕੇ ਇਹ ਅਪੀਲ ਉਕਤ ਦਫਤਰ ਵਿੱਚ ਪਾਈ ਜਾਵੇ।

ਸ੍ਰੀਮਤੀ ਰਣਜੀਤ ਕੌਰ, ਸੀਨੀਅਰ ਸਹਾਇਕ ਵੱਲੋਂ ਬਿਆਨ ਕੀਤਾ ਗਿਆ ਕਿ ਸ੍ਰੀ ਸੁਨੀਲ ਕੁਮਾਰ, ਗੋਇਲ (Temporary Engineer Retired as Superinteding Engineer) ਬਾਰੇ ਜੋ ਸੂਚਨਾ ਮੰਗੀ ਗਈ ਹੈ ਉਸ ਦਾ ਸਬੰਧ ਨਿਗਰਾਨ ਇੰਜੀਨੀਅਰ/ਕੈਨਾਲ ਲਾਈਨਿੰਗ, ਜਲ ਸਰੋਤ ਵਿਭਾਗ, ਪੰਜਾਬ, ਬਠਿੰਡਾ ਨਾਲ ਹੈ। ਇਸ ਬਾਰੇ ਉਨ੍ਹਾਂ ਨੇ ਅਰਜੀ ਕਰਤਾ ਦੀ ਅਰਜੀ ਆਰ.ਟੀ.ਆਈ ਐਕਟ-2005 ਦੀ ਧਾਰਾ 6(3) ਅਧੀਨ ਉਪਰੋਕਤ ਦਫਤਰ ਨੂੰ ਸੂਚਨਾ ਦੇਣ ਲਈ ਤਬਦੀਲ ਕਰ ਦਿੱਤੀ ਸੀ।

ਇਸ ਦੇ ਸਬੰਧ ਵਿੱਚ ਅਪੀਲ ਕਰਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦਫਤਰ ਦੇ ਐਪੀਲੈਂਟ ਅਥਾਰਟੀ, ਨਿਗਰਾਨ ਇੰਜੀਨੀਅਰ/ਸਰਹੰਦ ਕੈਨਾਲ ਸਰਕਲ, ਲੁਧਿਆਣਾ ਹਨ, ਕਿਉਂਕਿ ਨਿਗਰਾਨ ਇੰਜੀਨੀਅਰ/ਕੈਨਾਲ ਲਾਈਨਿੰਗ, ਬਠਿੰਡਾ ਦਾ ਦਫਤਰ ਇਸ ਦਫਤਰ ਵਿੱਚ ਮਰਜ ਹੋ ਗਿਆ ਹੈ। ਇਸ ਕਰਕੇ ਇਹ ਅਪੀਲ ਉਕਤ ਦਫਤਰ ਵਿੱਚ ਪਾਈ ਜਾਵੇ,ਕਿਉਂਕਿ ਨਿਮਨ ਹਸਤਾਖਰ ਸਿਰਫ ਮੁੱਖ ਦਫਤਰ ਦੇ ਐਪੀਲੈਂਟ ਅਥਾਰਟੀ ਹਨ ਨਾ ਕਿ ਖੇਤਰੀ ਦਫਤਰਾਂ ਦੇ।

ਇਸ ਦੇ ਨਾਲ ਹੀ ਇਹ ਅਪੀਲ ਕੇਸ ਡਿਸਪੋਜ ਆਫ ਕੀਤਾ ਜਾਂਦਾ ਹੈ।

ਪਹਿਲੀ ਐਪੀਲੈਂਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈੱਲ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ 388-90 /131ਐਮ/2ਵ:ਸ/2019 ਮਿਤੀ 18 /07/2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1) ਸਹਾਇਕ ਪਬਲਿਕ ਇਨਫਰਮੇਸ਼ਨ ਅਫਸਰ-ਕਮ-ਸੁਪਰਡੰਟ/ਗਜਟਿਡ ਸੈਲਰੀ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2) ਸ੍ਰੀ ਇਕਬਾਲ ਸਿੰਘ, ਜੁਆਇੰਟ ਡਾਇਰੈਕਟਰ (ਕੰਟਰੈਕਟਸ) ਐਚ.ਕਿਉ.ਡੀ.ਜੀ, ਮੈਪ, ਕਸ਼ਮੀਰ ਹਾਉਸ, ਰਾਜਾਜੀ ਮਾਰਗ, ਨਵੀ ਦਿੱਲੀ - 110011 ਨੂੰ ਸੂਚਨਾ ਹਿੱਤ।

18/7/19
ਪਹਿਲੀ ਐਪੀਲੈਂਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈੱਲ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ। 18/7/19

ਕਾਪੀ:-ਕਾਰਜਕਾਰੀ ਇੰਜੀਨੀਅਰ/ਕੰਪਿਊਟਰ ਸੈਲ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਹਿੱਤ।